# ਸਵੈ-ਇੱਛੁਕ ਸਹਾਇਤਾ ਨਾਲ ਮਰਨ ਵਾਲਾ ਐਕਟ 2019 ਲਾਗੂ ਕਰਨ ਵਾਲਾ ਪ੍ਰੋਜੈਕਟ

# ਤੱਥ-ਸ਼ੀਟ - ਆਮ ਕਮਿਊਨਟੀ ਲਈ ਜਾਣਕਾਰੀ

## ਮੁੱਢਲਾ ਸੰਦੇਸ਼

- ਪੱਛਮੀ ਆਸਟਰੇਲੀਆ ਨੇ ਇੱਕ ਕਾਨੂੰਨ ਪਾਸ ਕੀਤਾ ਹੈ ਜੋ ਸਵੈ-ਇੱਛੁਕ ਸਹਾਇਤਾ ਨਾਲ ਮਰਨ ਨੂੰ 2021 ਦੇ ਮੱਧ ਵਿੱਚ ਯੋਗ ਵਿਅੱਕਤੀਆਂ ਲਈ ਉਪਲੱਬਧ ਵਿਕੱਲਪ ਬਣਾਉਂਦਾ ਹੈ| ਇਸਦੀ ਲਾਗੂ ਕਰਨ ਦੀ ਮਿਆਦ 18-ਮਹੀਨੇ ਲਈ ਮੰਨਜ਼ੂਰ ਹੋਈ ਹੈ|
- ਸਿਹਤ ਵਿਭਾਗ ਪੱਛਮੀ ਆਸਟਰੇਲੀਆ ਵਿੱਚ ਸਵੈ-ਇੱਛੁਕ ਮਰਨ ਦੀ ਉਪਲੱਬਤਾ ਲਈ ਕੰਮ ਕਰ ਰਿਹਾ ਹੈ|
- ਇਹ ਸੁਨਿਸ਼ਚਿਤ ਕਰਨ ਦੇ ਬਹੁਤ ਸਾਰੇ ਪਹਿਲੂ ਹਨ ਕਿ ਸਵੈ-ਇੱਛੁਕ ਮਰਨਾ ਸੁਰੱਖਿਅਤ, ਪਹੁੰਚਯੋਗ ਅਤੇ ਵਿਅੱਕਤੀ-ਕੇਂਦ੍ਰਿਤ ਹੋਵੇ|
- ਸਿਹਤ ਵਿਭਾਗ ਨੇ ਇੱਕ ਅਮਲ-ਦਰਾਮਦ ਵਾਲੀ ਲੀਡਰਸ਼ਿਪ ਟੀਮ ਬਣਾਈ ਹੈ ਜੋ ਇਸ ਪ੍ਰਾਜੈਕਟ ਨੂੰ ਲਾਗੂ ਕਰਨ ਲਈ ਮਾਹਰ ਮਾਰਗ ਦਰਸ਼ਨ ਪ੍ਰਦਾਨ ਕਰੇਗੀ|

## ਸਵੈ-ਇੱਛੁਕ ਮਰਨਾ ਕੀ ਹੁੰਦਾ ਹੈ?

ਸਵੈ-ਇੱਛੁਕ ਮਰਨ ਦੀ ਪ੍ਰਕਿਰਿਆ ਵਿੱਚ ਦਵਾਈ ਮੁੱਹਈਆ ਹੋਣਾ ਅਤੇ ਕਿਸੇ ਯੋਗ ਵਿਅੱਕਤੀ ਨੂੰ ਕਾਨੂੰਨੀ ਤੌਰ 'ਤੇ ਆਪਣੀ ਮੌਤ ਦਾ ਤਰੀਕਾ ਅਤੇ ਸਮੇਂ ਦੀ ਚੋਣ ਕਰਨਾ ਸ਼ਾਮਲ ਹੁੰਦਾ ਹੈ|
'ਸਵੈ-ਇੱਛੁਕ ਸਹਾਇਤਾ ਨਾਲ ਮਰਨਾ' ਸ਼ਬਦ ਵਿਅੱਕਤੀ ਦੀ ਚੋਣ ਦੇ ਸਵੈ-ਇੱਛਕ ਸੁਭਾਅ ਅਤੇ ਉਸਦੀ ਫੈਸਲਾ ਲੈਣ ਦੀ ਸਥਿਰ ਯੋਗਤਾ 'ਤੇ ਜ਼ੋਰ ਦਿੰਦਾ ਹੈ|

## ਸਵੈ-ਇੱਛੁਕ ਸਹਾਇਤਾ ਨਾਲ ਕੌਣ ਮਰ ਸਕਦਾ ਹੈ?

ਵਿਅੱਕਤੀ ਲਾਜ਼ਮੀ ਤੌਰ 'ਤੇ ਬਾਲਗ ਹੋਣਾ ਚਾਹੀਦਾ ਹੈ ਜੋ ਆਸਟਰੇਲੀਆਈ ਨਾਗਰਿਕ ਜਾਂ ਸਥਾਈ ਨਿਵਾਸੀ ਹੋਵੇ ਅਤੇ ਘੱਟੋ-ਘੱਟ 12 ਮਹੀਨਿਆਂ ਤੋਂ ਪੱਛਮੀ ਆਸਟ੍ਰੇਲੀਆ ਵਿੱਚ ਆਮ ਤੌਰ 'ਤੇ ਵਸ ਰਿਹਾ ਹੋਵੇ|

ਉਸ ਵਿਅੱਕਤੀ ਨੂੰ ਲਾਜ਼ਮੀ ਤੌਰ 'ਤੇ ਬਿਮਾਰੀ ਜਾਂ ਬਿਮਾਰੀ-ਵਾਲੀ ਸਥਿਤੀ ਹੋਣੀ ਚਾਹੀਦੀ ਹੈ ਜੋ ਅਖੀਰਲੀ, ਵੱਧ ਰਹੀ ਹੋਵੇ ਅਤੇ ਜੋ 6 ਮਹੀਨਿਆਂ ਦੇ ਅੰਦਰ-ਅੰਦਰ (ਸੰਭਾਵਨਾਵਾਂ ਦੇ ਸੰਤੁਲਨ' ਦੇ ਅਧਾਰ 'ਤੇ ) ਜਾਂ 12 ਮਹੀਨਿਆਂ ਦੇ ਅੰਦਰ-ਅੰਦਰ ਜੇ ਨਿਊਰੋ-ਡੀਜਨਰੇਟਿਵ (ਉਦਾਹਰਣ ਵਜੋਂ ਮੋਟਰ ਨਿਓਰੋਣ ਬਿਮਾਰੀ) ਸਥਿਤੀ ਹੋਵੇ, ਮੌਤ ਦਾ ਕਾਰਨ ਬਣੇਗੀ| ਇਹ ਲਾਜ਼ਮੀ ਤੌਰ ਤੇ ਬਹੁਤ ਜਿਆਦਾ ਦਰਦ-ਤਕਲੀਫ ਦੇ ਰਹੀ ਹੋਵੇ ਅਤੇ ਵਿਅੱਕਤੀ ਨੂੰ ਸਹਿਣਸ਼ੀਲਯੋਗ ਤਰੀਕੇ ਨਾਲ ਰਾਹਤ ਦਿੱਤੀ ਨਾ ਜਾ ਸਕੇ|

ਸਵੈ-ਇੱਛੁਕ ਸਹਾਇਤਾ ਨਾਲ ਮਰਨ ਦੇ ਸੰਬੰਧ ਵਿੱਚ ਵਿਅੱਕਤੀ ਕੋਲ ਫੈਸਲਾ ਲੈਣ ਦੀ ਸਮਰੱਥਾ ਹੋਣੀ ਚਾਹੀਦੀ ਹੈ| ਉਹ ਲਾਜ਼ਮੀ ਤੌਰ 'ਤੇ ਸਵੈ-ਇੱਛਾ ਨਾਲ ਅਤੇ ਬਿਨਾ ਕਿਸੇ ਦਬਾ-ਜ਼ਬਰਦਸਤੀ ਦੇ ਹੋਣੇ ਚਾਹੀਦੇ ਹਨ| ਉਨ੍ਹਾਂ ਦੀ ਬੇਨਤੀ ਮੰਨਣਯੋਗ ਹੋਣੀ ਚਾਹੀਦੀ ਹੈ|

## ਸਾਨੂੰ ਹੋਰ ਕੀ ਜਾਨਣ ਦੀ ਲੋੜ ਹੈ?

ਇਹ ਇੱਕ ਮੁੱਢਲੀ ਸਧਾਰਣ ਤੱਥ-ਸ਼ੀਟ ਹੈ ਅਤੇ ਇਸ ਦਾ ਮਕਸਦ ਸਵੈ-ਇੱਛੁਕ ਸਹਾਇਤਾ ਨਾਲ ਮਰਨ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਨਾ ਨਹੀਂ ਹੈ|

## ਮੈਂ ਸਵੈ-ਇੱਛੁਕ ਸਹਾਇਤਾ ਨਾਲ ਮਰਨਾ ਐਕਟ 2019 ਬਾਰੇ ਵਧੇਰੇ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ ਹਾਂ?

ਸਵੈ-ਇੱਛੁਕ ਸਹਾਇਤਾ ਨਾਲ ਕੌਣ ਮਰ ਸਕਦਾ ਹੈ ਅਤੇ ਜੋ ਪ੍ਰਕਿਰਿਆਵਾਂ ਜਿਨ੍ਹਾਂ ਦਾ ਪਾਲਣ ਕਰਨਾ ਲਾਜ਼ਮੀ ਹੈ ਬਾਰੇ ਬਹੁਤ ਸਾਰੇ ਕਾਨੂੰਨੀ ਵੇਰਵੇ ਹਨ|

ਵਧੇਰੇ ਜਾਣਕਾਰੀ ਅਤੇ ਪੂਰੇ ਕਾਨੂੰਨ ਵੇਖਣ ਲਈ, ਕਿਰਪਾ ਕਰਕੇ ਸਿਹਤ ਵਿਭਾਗ ਦੀ ਵੈਬਸਾਈਟ: www.health.wa.gov.au/voluntaryassisteddying ' ਤੇ ਜਾਓ|

ਵੈਬਸਾਈਟ ਉੱਪਰ ਸਵੈ-ਇੱਛੁਕ ਸਹਾਇਤਾ ਨਾਲ ਮਰਨ ਦੀ ਪ੍ਰਕਿਰਿਆ ਬਾਰੇ ਇੱਕ ਪ੍ਰਵਾਹ ਚਾਰਟ ਵੀ ਉਪਲੱਬਧ ਹੈ ਅਤੇ ਇੱਕ ਪੇਸ਼ਕਾਰੀ ਰੂਪ-ਰੇਖਾ ਭੀ ਹੈ ਜੋ ਤੁਸੀਂ ਦੇਖ ਜਾਂ ਸੁਣ ਸਕਦੇ ਹੋ| ਇਹ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਸ਼ੁਰੂਆਤੀ ਬਿੰਦੂ ਹਨ|

## ਸਵੈ-ਇੱਛੁਕ ਸਹਾਇਤਾ ਨਾਲ ਮਰਨ ਦੀ ਤਿਆਰੀ ਲਈ ਸਿਹਤ ਵਿਭਾਗ ਕੀ ਕਰ ਰਿਹਾ ਹੈ?

ਇਹ ਸੁਨਿਸਚਿਤ ਕਰਨ ਲਈ ਕਿ ਪੱਛਮੀ ਆਸਟਰੇਲੀਆ ਵਿਖੇ ਸਵੈ-ਇੱਛੁਕ ਸਹਾਇਤਾ ਨਾਲ ਮਰਨਾ ਸਹੀ ਢੰਙ ਨਾਲ ਲਾਗੂ ਕੀਤਾ ਜਾ ਰਿਹਾ ਹੈ ਬਾਰੇ ਸਿਹਤ ਵਿਭਾਗ ਇੱਕ ਪ੍ਰਾਜੈਕਟ ਚਲਾ ਰਿਹਾ ਹੈ|

ਇਹ ਸੁਨਿਸ਼ਚਿਤ ਕਰਨਾ ਮਹੱਤਵਪੂਰਨ ਹੈ ਕਿ ਪ੍ਰਕਿਰਿਆ ਸੁਰੱਖਿਅਤ, ਉਚਿਤ ਅਤੇ ਕਾਨੂੰਨ ਅਨੁਸਾਰ ਹੈ|

## ਕੀ-ਕੁਝ ਤਿਆਰੀ ਦੀ ਲੋੜ ਹੈ?

ਇਹ ਸੁਨਿਸ਼ਚਿਤ ਕਰਨ ਦੇ ਬਹੁਤ ਸਾਰੇ ਪਹਿਲੂ ਹਨ ਕਿ ਪੱਛਮੀ ਆਸਟ੍ਰੇਲੀਆ ਤਿਆਰ ਹੋਵੇ ਜਦੋਂ ਸਵੈ-ਇੱਛੁਕ ਸਹਾਇਤਾ ਨਾਲ ਮਰਨ ਦਾ ਵਿਕੱਲਪ ਯੋਗ ਲੋਕਾਂ ਲਈ  ਉਪਲੱਬਧ ਹੁੰਦਾ ਹੈ|

ਸਵੈ-ਇੱਛੁਕ ਸਹਾਇਤਾ ਨਾਲ ਮਰਨਾ ਐਕਟ 2019 ਵਿੱਚ ਬਹੁਤ ਸਾਰੇ ਫਾਰਮ ਅਤੇ ਵੇਰਵਿਆਂ ਦੀ ਰੂਪ-ਰੇਖਾ ਹੈ ਅਤੇ ਵਿਭਿੰਨ ਪ੍ਰਕਿਰਿਆਵਾਂ ਹਨ ਜਿਨ੍ਹਾਂ ਦੀ ਪਾਲਣਾ ਲਾਜ਼ਮੀ ਹੈ| ਇਹ ਤਿਆਰੀ ਕਰਨ ਦੀ ਜ਼ਰੂਰਤ ਹੈ ਤਾਂ ਜੋ ਹਰੇਕ ਸ਼ਾਮਲ ਵਿਅੱਕਤੀ ਇਨ੍ਹਾਂ ਜਰੂਰਤਾਂ ਦਾ ਸਹੀ ਪਾਲਣਾ ਕਰਨਾ ਸਮਝ ਸਕੇ|

ਪ੍ਰਕਿਰਿਆ ਵਿੱਚ ਹਿੱਸਾ ਲੈਣ ਵਾਲੇ ਡਾਕਟਰਾਂ ਅਤੇ ਨਰਸ ਪ੍ਰੈਕਟੀਸ਼ਨਰਾਂ ਲਈ ਸਿਖਲਾਈ ਪ੍ਰੋਗਰਾਮ ਵਿਕਸਤ ਕਰਨ ਦੀ ਲੋੜ ਹੈ, ਸਵੈ-ਇੱਛਕ ਸਹਾਇਤਾ ਨਾਲ ਮਰਨ ਬਾਰੇ ਬੋਰਡ ਦੀ ਸਥਾਪਨਾ ਜਰੂਰੀ ਹੈ ਅਤੇ ਪ੍ਰੋਸੈਸਿੰਗ ਅਤੇ ਡਾਟਾ ਇਕੱਤਰ ਕਰਨ ਲਈ ਆਈਟੀ ਸਿਸਟਮ ਬਣਾਉਣ ਦੀ ਜ਼ਰੂਰਤ ਹੈ|

ਸੇਵਾਵਾਂ ਸਥਾਪਤ ਕਰਨ  ਦੀ ਜ਼ਰੂਰਤ ਹੈ ਤਾਂ ਜੋ ਲੋਕ ਸਵੈ-ਇੱਛੁਕ ਸਹਾਇਤਾ ਨਾਲ ਮਰਨ ਬਾਰੇ ਸਭ ਕੁਝ ਇਸ ਦੇ ਨਿਰਧਾਰਤ ਕੀਤੇ ਜਾਣ ਉਪਰੰਤ ਲੈ ਸਕਣ|

ਇੱਕ ਕੇਅਰ ਨੇਵੀਗੇਟਰ ਸੇਵਾ ਵੀ ਹੋਵੇਗੀ ਜੋ ਲੋਕਾਂ ਨੂੰ ਸਵੈ-ਇੱਛੁਕ ਸਹਾਇਤਾ ਨਾਲ ਮਰਨ ਬਾਰੇ ਜਾਣਕਾਰੀ ਲੱਭਣ  ਵਿੱਚ ਸਹਾਇਤਾ ਕਰੇਗੀ ਅਤੇ ਲੋੜ ਪੈਣ ਤੇ ਪ੍ਰਕਿਰਿਆ ਦੌਰਾਨ ਲੋਕਾਂ ਦੀ ਸਹਾਇਤਾ ਕਰੇਗੀ|

## ਤਿਆਰੀਆਂ  ਵਿੱਚ ਕੌਣ ਮਦੱਦ ਕਰ ਰਿਹਾ ਹੈ?

ਸਿਹਤ ਵਿਭਾਗ ਨੇ ਡਾ. ਸਕਾਟ ਬਲੈਕਵੈੱਲ ਦੀ ਅਗਵਾਈ ਹੇਠ ਇੱਕ ਅਮਲ-ਦਰਾਮਦ ਵਾਲੀ ਲੀਡਰਸ਼ਿਪ ਟੀਮ ਬਣਾਈ ਹੈ ਜੋ ਸਵੈ-ਇੱਛੁਕ ਸਹਾਇਤਾ ਨਾਲ ਮਰਨਾ ਬਾਰੇ ਮੰਤਰੀਆਂ ਦੇ ਮਾਹਰ ਪੈਨਲ ਤੇ ਵੀ ਸੀ। ਇਹ ਟੀਮ ਮੈਡੀਕਲ, ਨਰਸਿੰਗ, ਸਿਹਤ ਅਤੇ ਕਮਿਊਨਟੀ ਨੁਮਾਇੰਦਿਆਂ ਦੀ ਬਣੀ ਹੈ| ਵਧੇਰੇ ਜਾਣਕਾਰੀ ਵੈਬਸਾਈਟ ਤੇ ਉਪਲੱਬਧ ਹੈ|

ਤਿਆਰੀਆਂ ਦੇ ਦੌਰਾਨ, ਅਮਲ-ਦਰਾਮਦ ਵਾਲੀ ਲੀਡਰਸ਼ਿਪ ਟੀਮ ਕਈ ਹੋਰ ਨੁਮਾਇੰਦਿਆਂ ਅਤੇ ਹਿੱਸੇਦਾਰਾਂ ਨਾਲ ਕੰਮ ਕਰੇਗੀ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ WA ਵਿੱਚ ਸਵੈ-ਇੱਛੁਕ ਸਹਾਇਤਾ ਨਾਲ ਮਰਨ ਨੂੰ ਲਾਗੂ ਕਰਨ ਦੇ ਵਿਸਤ੍ਰਿਤ ਪਹਿਲੂਆਂ ਨੂੰ ਵਿਕਸਤ ਕਰਨ ਵੇਲੇ ਉਨ੍ਹਾਂ ਕੋਲ ਸਹੀ ਜਾਣਕਾਰੀ ਹੈ|

## ਮੈਨੂੰ ਹੋਰ ਕਦੋਂ ਪਤਾ ਲੱਗੇਗਾ?

ਆਉਣਵਾਲਾ ਸਾਲ ਲਾਗੂ ਕਰਨ ਦੀ ਤਿਆਰੀ ਉੱਪਰ ਕੇਂਦ੍ਰਿਤ ਰਹੇਗਾ| ਸਾਨੂੰ ਉਮੀਦ ਹੈ ਕਿ 2021 ਵਿੱਚ ਤੁਹਾਨੂੰ ਦੱਸਣ ਲਈ ਸਾਡੇ ਕੋਲ ਬਹੁਤ ਕੁਝ ਹੋਰ ਹੋਵੇਗਾ ਜਿਵੇ ਜਿਵੇ ਅਸੀਂ ਸਵੈ-ਇੱਛੁਕ ਸਹਾਇਤਾ ਨਾਲ ਮਰਨਾ ਯੋਗ ਲੋਕਾਂ ਲਈ ਉਪਲੱਬਧ ਹੋਵੇਗਾ ਦੇ ਨਜ਼ਦੀਕ ਜਾ ਰਹੇ ਹਾਂ|

## ਮੈਨੂੰ ਤਾਜ਼ਾ ਸਥਿਤੀ ਬਾਰੇ ਕਿੰਵੇਂ ਅੱਪ-ਟੂ-ਡੇਟ ਰੱਖਿਆ ਜਾ ਸਕਦਾ ਹੈ

ਅਮਲ-ਦਰਾਮਦ ਵਾਲੀ ਲੀਡਰਸ਼ਿਪ ਟੀਮ ਸਾਲ ਦੌਰਾਨ ਈਮੇਲ ਅਪਡੇਟਾਂ ਭੇਜੇਗੀ| ਤੁਸੀਂ ਇੱਥੇ ਇਹਨਾਂ ਅਪਡੇਟਸ ਨੂੰ ਪ੍ਰਾਪਤ ਕਰਨ ਲਈ ਸਾਈਨ-ਅਪ ਕਰ ਸਕਦੇ ਹੋ|

## ਕੀ ਮੈਨੂੰ ਹੋਰ ਕੁਝ ਪਤਾ ਹੋਣਾ ਚਾਹੀਦਾ ਹੈ?

ਇਹ ਪ੍ਰਕਿਰਿਆ ਬਾਰੇ ਬਹੁਤ ਸਾਰੀ ਜਾਣਕਾਰੀ ਹੈ ਜਿਸ ਕਾਰਨ ਪੱਛਮੀ ਆਸਟਰੇਲੀਆ ਵਿਖੇ ਸਵੈ-ਇੱਛੁਕ ਸਹਾਇਤਾ ਨਾਲ ਮਰਨਾ ਪਾਸ ਹੋਣ ਉਪਰੰਤ ਕਾਨੂੰਨੀ ਬਣਿਆ ਅਤੇ ਸਵੈ-ਇੱਛੁਕ ਸਹਾਇਤਾ ਨਾਲ ਮਰਨਾ ਬਾਰੇ ਮੰਤਰੀਆਂ ਦੇ ਮਾਹਰ ਪੈਨਲ ਦੀ ਅੰਤਮ ਰਿਪੋਰਟ ਇਸ ਵਿੱਚ ਸ਼ਾਮਲ ਮਸਲਿਆਂ ਬਾਰੇ ਚੰਗਾ ਸੰਖੇਪ ਸਾਰ ਦਿੰਦੀ ਹੈ। (ਫਿਰ ਭੀ ਧਿਆਨ ਰੱਖੋ ਕਿ ਕਾਨੂੰਨ ਦੇ ਕੁਝ ਪਹਿਲੂ ਪੈਨਲ ਦੀਆਂ ਸਿਫਾਰਸ਼ਾਂ ਤੋਂ ਥੋੜੇ ਵੱਖਰੇ ਹਨ)|

ਇੰਟਰਨੈਟ ਤੇ ਹੋਰ ਥਾਵਾਂ ਬਾਰੇ ਵੀ ਬਹੁਤ ਸਾਰੀ ਜਾਣਕਾਰੀ ਉਪਲੱਬਧ ਹੈ ਜਿਹੜੀ ਕਿ ਸਵੈ-ਇੱਛੁਕ ਸਹਾਇਤਾ ਨਾਲ ਮਰਨ ਦੇ ਕੁਝ ਰੂਪਾਂ ਵਿੱਚ ਹੈ, ਵਿਕਟੋਰੀਆ ਆਸਟਰੇਲੀਆ ਵਿੱਚ ਵੀ| ਤੁਹਾਨੂੰ ਪਤਾ ਲੱਗ ਸਕਦਾ ਹੈ ਕਿ ਕੁਝ ਸ੍ਰੋਤ ਜੋ ਸਵੈ-ਇੱਛੁਕ ਸਹਾਇਤਾ ਨਾਲ ਮਰਨ ਨਾਲ ਸਬੰਧਤ ਵਧੇਰੇ ਆਮ ਜਾਣਕਾਰੀ ਦਿੰਦੇ ਹਨ ਪਰ ਧਿਆਨ ਰੱਖੋ ਕਿ ਸਥਾਨਕ ਕਾਨੂੰਨਾਂ ਅਤੇ ਪ੍ਰਕਿਰਿਆਵਾਂ ਦਾ ਵੇਰਵਾ ਪੱਛਮੀ ਆਸਟਰੇਲੀਆ ਦੇ ਕਾਨੂੰਨ ਨਾਲੋਂ ਬਿਲਕੁਲ ਵੱਖਰਾ ਹੋ ਸਕਦਾ ਹੈ|